Roll No. ..................

**026**

Total No. of Questions : 4 (Subparts-33)

[Total No. of Printed Pages : 12

**SS**

**2067**

**ਸਲਾਨਾ ਪਰੀਖਿਆ ਪ੍ਰਨਾਲੀ**

**ECONOMICS**

**(Common for Humanities, Science and Agriculture Groups)**

**(Punjabi, Hindi and English Versions)**

**(Evening Session)**

Time allowed : Three hours

Maximum marks : 90

**(Punjabi Version)**

**ਨੋਟ :** (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **026** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ-ਪੱਤਰ ਵਿੱਚ 04 ਪ੍ਰਸ਼ਨ ਹਨ (ਜਿੰਨਾ ਦੇ 33 sub part ਹਨ) ਅਤੇ ਇਸਦੇ ਚਾਰ **ਭਾਗ–ੳ, ਅ, ੲ** ਅਤੇ **ਸ** ਹਨ ।

(vi) **ਭਾਗ–ੳ** ਵਿੱਚ ਇੱਕ ਵਸਤੂਨਿਸ਼ਟ ਪ੍ਰਸ਼ਨ ਹੈ ਜਿਸਦੇ 10 ਉਪਭਾਗ ਹਨ । ਹਰੇਕ ਉਪਭਾਗ ਦਾ 1 ਅੰਕ ਹੈ । ਇਹਨਾਂ ਉਪਭਾਗਾਂ (ਪ੍ਰਸ਼ਨਾਂ) ਦਾ ਉੱਤਰ 1 ਸ਼ਬਦ ਤੋਂ 1 ਵਾਕ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

(vii) **ਭਾਗ–ਅ** ਵਿੱਚ ਪ੍ਰਸ਼ਨ ਨੰ: 2 ਹੈ ਜਿਸ ਵਿੱਚ 10 ਬਹੁਤ ਛੋਟੇ ਉੱਤਰਾਂ ਵਾਲੇ ਉਪਭਾਗ ਹਨ । ਹਰੇਕ ਉਪਭਾਗ ਦੇ 2 ਅੰਕ ਹਨ । ਹਰੇਕ ਉਪਭਾਗ (ਪ੍ਰਸ਼ਨ) ਦਾ ਉੱਤਰ 30-35 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

(viii) **ਭਾਗ–ੲ** ਵਿੱਚ ਪ੍ਰਸ਼ਨ ਨੰ: 3 ਹੈ ਜਿਸ ਵਿੱਚ 9 ਛੋਟੇ ਉੱਤਰਾਂ ਵਾਲੇ ਉਪਭਾਗ ਹਨ । 3 ਉਪਭਾਗਾਂ (ਪ੍ਰਸ਼ਨਾਂ) ਵਿੱਚ ਅੰਦਰੂਨੀ ਚੋਣ ਹੈ । ਹਰੇਕ ਉਪਭਾਗ (ਪ੍ਰਸ਼ਨ) ਦੇ 4 ਅੰਕ ਹਨ । ਇਹਨਾਂ ਉਪਭਾਗਾਂ (ਪ੍ਰਸ਼ਨਾਂ) ਦਾ ਉੱਤਰ 60-70 ਸ਼ਬਦਾਂ ਵਿੱਚ ਦਿਉ ।

(ix) **ਭਾਗ–ਸ** ਵਿੱਚ ਪ੍ਰਸ਼ਨ ਨੰ: 4 ਹੈ ਅਤੇ ਜਿਸ ਦੇ 4 ਉਪਭਾਗ ਹਨ । 4 ਉਪਭਾਗਾਂ (ਪ੍ਰਸ਼ਨਾਂ) ਵਿੱਚ ਅੰਦਰੂਨੀ ਚੋਣ ਹੈ । ਹਰੇਕ ਉਪਭਾਗ (ਪ੍ਰਸ਼ਨ) ਦੇ 6 ਅੰਕ ਹਨ । ਹਰੇਕ ਦਾ ਉੱਤਰ 150-200 ਸ਼ਬਦਾਂ ਵਿੱਚ ਦਿੱਤਾ ਜਾਵੇ ।

**ਭਾਗ–ੳ**

**1.** **ਨੋਟ** : ਸਹੀ ਉੱਤਰ ਦੀ ਚੋਣ ਕਰੋ :

(i) ਦੁਰਲੱਭਤਾ ਇੱਕ ਅਜਿਹੀ ਹਾਲਤ ਹੈ ਜਦੋਂ ਸਾਧਨਾਂ ਦੀ ਪੂਰਤੀ 1

(ੳ) ਮੰਗ ਤੋਂ ਵੱਧ ਹੁੰਦੀ ਹੈ (ਅ) ਮੰਗ ਤੋਂ ਘੱਟ ਹੁੰਦੀ ਹੈ

(ੲ) ਮੰਗ ਦੇ ਬਰਾਬਰ ਹੁੰਦੀ ਹੈ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਸਹੀ/ਗਲਤ

(ii) ਗਿਫ਼ਨ ਵਸਤੂਆਂ ਮੰਗ ਦੇ ਨਿਯਮ ਦੇ ਵਿਰੁੱਧ ਇੱਕ ਉਦਾਹਰਣ ਹਨ । 1

(iii) ਖਾਲੀ ਥਾਂ ਭਰੋ : 1

AVC + AFC ................ ?

(iv) ਜਦੋਂ ਪੂਰਤੀ ਦੀ 27% ਵਾਧਾ ਵਸਤੂ ਦੀ ਕੀਮਤ ਨੂੰ 18% ਵਧਾਉਂਦਾ ਹੈ ਤਾਂ ਪੂਰਤੀ ਦੀ ਲੋਚ ਪਤਾ ਕਰੋ । 1

(v) ਨਿਊਨਤਮ ਹਾਨੀ ਤੋਂ ਕੀ ਭਾਵ ਹੈ ? 1

(vi) ਸਹੀ ਉੱਤਰ ਦੀ ਚੋਣ ਕਰੋ : 1

ਵਿੱਤੀ ਖੇਤਰ ਉਹ ਖੇਤਰ ਹੈ ਜੋ :

(ੳ) ਉਧਾਰ ਦਿੰਦਾ ਹੈ (ਅ) ਜਮਾਂ ਸਵੀਕਾਰ ਕਰਦਾ ਹੈ

(ੲ) ਦੋਵੇਂ (ੳ) ਅਤੇ (ਅ)

(vii) ਖਾਲੀ ਥਾਂ ਭਰੋ :

ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦ + ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ = .............. 1

(viii) ਜੇਕਰ ਔਸਤ ਬੱਚਤ ਪ੍ਰਵ੍ਰਿਤੀ 0.40 ਹੈ ਤਾਂ ਔਸਤ ਉਪਭੋਗ ਪ੍ਰਵ੍ਰਿਤੀ ਪਤਾ ਕਰੋ । 1

(ix) ਸਹੀ/ਗਲਤ ਦੱਸੋ : 1

ਆਰਥਿਕ ਸਥਿਰਤਾ ਦੀ ਪ੍ਰਾਪਤੀ ਸਰਕਾਰੀ ਬੱਜਟ ਦਾ ਮੁੱਖ ਉਦੇਸ਼ ਹੈ ।

(x) ਵਿਉਪਾਰ ਬਾਕੀ ਤੋਂ ਕੀ ਭਾਵ ਹੈ ? 1

## ਭਾਗ–ਅ

2. (i) ਉਤਪਾਦਨ ਸੰਭਾਵਨਾ ਵਕਰ ਖਿਸਕਣ ਦੇ ਕੋਈ ਦੋ ਕਾਰਨ ਲਿਖੋ । 2

(ii) ਸਾਧਨਾਂ ਦੇ ਪ੍ਰਤੀਫਲ ਅਤੇ ਪੈਮਾਨੇ ਦੇ ਪ੍ਰਤੀਫਲ ਵਿੱਚ ਕੋਈ ਦੋ ਅੰਤਰ ਦੱਸੋ । 2

(iii) ਸੰਤੁਲਨ ਬਿੰਦੂ ਚਿੱਤਰ ਦੁਆਰਾ ਸਮਝਾਓ । 2

(iv) ਨੀਚੇ ਦਿੱਤੀ ਸਾਰਣੀ ਤੋਂ ਔਸਤ ਲਾਗਤ ਅਤੇ ਕੁੱਲ ਲਾਗਤ ਪਤਾ ਕਰੋ : 2

| | | | | |
|---|---|---|---|---|
| ਉਤਪਾਦਨ ਦੀਆਂ ਇਕਾਈਆਂ | 1 | 2 | 3 | 4 |
| ਸੀਮਾਂਤ ਲਾਗਤ | 10 | 8 | 6 | 4 |

(v) ਤਿੰਨ ਉਪਭੋਗੀਆਂ ਦੀ ਮੰਗ ਸੂਚੀ ਹੇਠਾਂ ਦਿੱਤੀ ਗਈ ਹੈ, ਬਜਾਰ ਮੰਗ ਦੱਸੋ :

| ਕੀਮਤ ਰੁਪਏ ਵਿੱਚ | 'A' ਦੀ ਮੰਗ | 'B' ਦੀ ਮੰਗ | 'C' ਦੀ ਮੰਗ |
|---|---|---|---|
| 1 | 60 | 55 | 24 |
| 2 | 50 | 40 | 13 |
| 3 | 40 | 25 | 5 |
| 4 | 30 | 10 | 2 |

2

(vi) ਸਰਕਾਰੀ ਬੱਜਟ ਦੇ ਦੋ ਉਦੇਸ਼ ਲਿਖੋ । 2

(vii) ਮੁਦਰਾ ਦੇ ਦੋ ਲਾਭ ਦੱਸੋ । 2

(viii) ਸਥਿਰ ਅਤੇ ਅਸਥਿਰ ਵਿਨਿਮਯ ਦਰਾਂ ਦਾ ਨਿਰਧਾਰਣ ਕਿਸ ਤਰ੍ਹਾਂ ਹੁੰਦਾ ਹੈ ? 2

(ix) ਜੇਕਰ MPS $= \frac{3}{4}$ ਹੈ ਤਾਂ ਗੁਣਕ ਪਤਾ ਕਰੋ । 2

(x) ਜੇਕਰ ਆਯਾਤ 200 ਕਰੋੜ ਰੁਪਏ ਹੈ ਅਤੇ ਨਿਰਯਾਤਾਂ ਦਾ ਮੁੱਲ 250 ਕਰੋੜ ਰੁਪਏ ਹੈ ਤਾਂ ਵਪਾਰ ਸੰਤੁਲਨ ਪਤਾ ਕਰੋ । 2

## ਭਾਗ–ੲ

3. (i) ਮੰਗ ਦੀ ਕੀਮਤ ਲੋਚ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਚਾਰ ਤੱਤਾਂ ਦੀ ਵਿਆਖਿਆ ਕਰੋ । 4

ਜਾਂ

ਪੂਰਤੀ ਦੇ ਚਾਰ ਨਿਰਧਾਰਕ ਤੱਤਾਂ ਦਾ ਸੰਖੇਪ ਵਿੱਚ ਵਰਨਣ ਕਰੋ । 4

(ii) ਰੇਖਾ ਚਿੱਤਰ ਦੀ ਸਹਾਇਤਾ ਨਾਲ ਔਸਤ ਉਤਪਾਦਨ (AP) ਅਤੇ ਸੀਮਾਂਤ ਉਤਪਾਦਨ (MP) ਦਾ ਸੰਬੰਧ ਦਰਸਾਓ । 4

(iii) ਜਦੋਂ ਇੱਕ ਵਸਤੂ ਦੀ ਕੀਮਤ 110 ਰੁਪਏ ਤੋਂ ਘੱਟ ਕੇ 80 ਰੁਪਏ ਰਹਿ ਜਾਂਦੀ ਹੈ, ਤਾਂ ਮੰਗ 10 ਇਕਾਈਆਂ ਤੋਂ ਵੱਧ ਕੇ 12 ਇਕਾਈਆਂ ਹੋ ਜਾਂਦੀ ਹੈ, ਵਸਤੂ ਦੀ ਮੰਗ ਦੀ ਕੀਮਤ ਲਚਕ ਪਤਾ ਕਰੋ । 4

(iv) ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ ਵਿੱਚ ਸੰਬੰਧ ਦੱਸੋ । 4

(v) ਏਕਾਧਿਕਾਰ ਬਾਜ਼ਾਰ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੋ । 4

(vi) ਦੋ ਖੇਤਰੀ ਅਰਥ ਵਿਵਸਥਾ ਵਿੱਚ ਆਮਦਨ ਦੇ ਚੱਕਰੀ ਪ੍ਰਵਾਹ ਨੂੰ ਚਿੱਤਰ ਦੀ ਸਹਾਇਤਾ ਨਾਲ ਦਿਖਾਓ । 4

ਜਾਂ

ਸਟਾਕ ਅਤੇ ਪ੍ਰਵਾਹ ਵਿੱਚ ਅੰਤਰ ਦੱਸੋ, ਦੋਵਾਂ ਦੀਆਂ ਦੋ-ਦੋ ਉਦਾਹਰਣਾਂ ਵੀ ਦਿਉ । 2+2

(vii) ਕੇਂਦਰੀ ਬੈਂਕ ਅਤੇ ਵਪਾਰਕ ਬੈਂਕ ਵਿੱਚ ਕੋਈ ਚਾਰ ਅੰਤਰ ਦੱਸੋ । 4

ਜਾਂ

ਅਧਿਕ ਮੰਗ ਨੂੰ ਠੀਕ ਕਰਨ ਲਈ ਰਾਜਸਵ ਨੀਤੀ ਦੇ ਉਪਾਅ ਲਿਖੋ । 4

(viii) ਜੇਕਰ ਖ਼ਰਚਣ ਯੋਗ ਆਮਦਨ 1200 ਰੁਪਏ ਹੋਵੇ ਅਤੇ ਉਪਭੋਗ ਖ਼ਰਚ 800 ਰੁਪਏ ਹੋਵੇ ਤਾਂ ਔਸਤ ਬੱਚਤ ਪ੍ਰਵਿਤੀ ਪਤਾ ਕਰੋ । 4

(ix) ਇੱਕ ਅਰਥ ਵਿਵਸਥਾ ਵਿੱਚ ਨਿਵੇਸ਼ ਵਿੱਚ 800 ਕਰੋੜ ਰੁਪਏ ਦਾ ਵਾਧਾ ਹੁੰਦਾ ਹੈ, ਜੇਕਰ ਸੀਮਾਂਤ ਉਪਭੋਗ ਪ੍ਰਵਿਤੀ 0.6 ਹੋਵੇ ਤਾਂ ਆਮਦਨ ਅਤੇ ਉਪਭੋਗ ਖ਼ਰਚ ਵਿੱਚ ਵਾਧਾ ਪਤਾ ਕਰੋ । 4

**ਭਾਗ–ਸ**

**4.** (i) ਇੱਕ ਅਰਥ ਵਿਵਸਥਾ ਦੀਆਂ ਮੁੱਖ ਕੇਂਦਰੀ ਸਮੱਸਿਆਵਾਂ ਦਾ ਵਰਨਣ ਕਰੋ । 6

ਜਾਂ

ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਚਿੱਤਰ ਨਾਲ਼ ਵਿਆਖਿਆ ਕਰੋ । 6

(ii) ਅਲਪਕਾਲੀਨ ਔਸਤ ਲਾਗਤ ਅਤੇ ਸੀਮਾਂਤ ਲਾਗਤ ਵਕਰ 'U' ਆਕਾਰ ਦੀ ਕਿਉਂ ਹੁੰਦੀ ਹੈ ? 6

ਜਾਂ

ਚਿੱਤਰ ਦੀ ਸਹਾਇਤਾ ਨਾਲ ਕੀਮਤ ਉਪਰ ਮੰਗ ਅਤੇ ਪੂਰਤੀ ਵਿੱਚ ਪਰਿਵਰਤਨ ਦੇ ਪ੍ਰਭਾਵ ਦੀ ਵਿਆਖਿਆ ਕਰੋ । 6

(iii) ਰਾਸ਼ਟਰੀ ਆਮਦਨ ਨੂੰ ਮਾਪਣ ਦੀ ਖ਼ਰਚ ਵਿਧੀ ਦਾ ਵਰਨਣ ਕਰੋ । 6

ਜਾਂ

ਸੰਤੁਲਿਤ ਅਤੇ ਅਸੰਤੁਲਿਤ ਬਜਟ ਵਿਚਕਾਰ ਅੰਤਰ ਵਿਸਥਾਰ ਵਿੱਚ ਦੱਸੋ । 6

(iv) ਹੇਠਾਂ ਦਿੱਤੀ ਸਾਰਣੀ ਤੋਂ ਬਜਾਰ ਕੀਮਤ ਤੇ ਕੁੱਲ ਘਰੇਲੂ ਉਤਪਾਦ ਅਤੇ ਬਜਾਰ ਕੀਮਤ ਤੇ ਕੁੱਲ ਰਾਸ਼ਟਰੀ ਉਤਪਾਦ ਪਤਾ ਕਰੋ ।

| ਮਦਾਂ | (ਕਰੋੜ ਰੁਪਏ) |
|---|---|
| (a) ਸਰਕਾਰੀ ਉਪਭੋਗ ਖ਼ਰਚ | 20 |
| (b) ਸ਼ੁੱਧ ਅਪ੍ਰਤੱਖ ਕਰ | 18 |
| (c) ਕੁੱਲ ਸਥਾਈ ਪੂੰਜੀ ਨਿਰਮਾਣ | 28 |
| (d) ਸ਼ੁੱਧ ਨਿਰਯਾਤ | (–) 5 |
| (e) ਨਿਜੀ ਅੰਤਿਮ ਉਪਭੋਗ ਖ਼ਰਚ | 140 |
| (f) ਸਟਾਕ ਵਿੱਚ ਸ਼ੁੱਧ ਵਾਧਾ | 4 |
| (g) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 40 |
| (h) ਸਥਾਈ ਪੂੰਜੀ ਦਾ ਉਪਭੋਗ | 10 |

6

ਜਾਂ

ਹੇਠਾਂ ਦਿੱਤੇ ਅੰਕੜਿਆਂ ਤੋਂ ਘਰੇਲੂ ਆਮਦਨ ਅਤੇ ਰਾਸ਼ਟਰੀ ਆਮਦਨ ਪਤਾ ਕਰੋ :

| ਮਦਾਂ | (ਕਰੋੜ ਰੁਪਏ) |
|---|---|
| (a) ਮਜ਼ਦੂਰੀ | 2,000 |
| (b) ਲਗਾਨ | 1,000 |
| (c) ਵਿਆਜ | 100 |
| (d) ਲਾਭਾਂਸ਼ | 500 |
| (e) ਮਿਸ਼ਰਤ ਆਮਦਨ | 100 |
| (f) ਅਣਵੰਡੇ ਲਾਭ | 40 |
| (g) ਸਮਾਜਿਕ ਸੁਰੱਖਿਆ ਵਿੱਚ ਅੰਸ਼ਦਾਨ | 60 |
| (h) ਨਿਗਮਾਂ ਦੇ ਲਾਭ ਕਰ | 90 |
| (i) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 200 |

6